# ਪੰਜਾਬੀ ਵਿਕਾਸ ਮੰਚ (ਕਾਨੂੰਨੀ)

(ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸ਼ਾਖਾ)

ਹਵਾਲਾ ਨੰ: 76-77 ਮਿਤੀ : 17.07.2022


**ਕਾਨੂੰਨੀ ਸਲਾਹਕਾਰ / ਵਕੀਲ**

**ਸ੍ਰੀ ਹਰੀ ਚੰਦ ਅਰੋੜਾ**
ਪੰਜਾਬ ਅਤੇ ਹਰਿਆਣਾ ਹਾਈਕੋਰਟ,
ਚੰਡੀਗੜ੍ਹ
ਮੋ.: 98140-13764

**ਸ੍ਰੀ ਹਰੀਸ਼ ਰਾਏ ਢਾਂਡਾ**
ਲੁਧਿਆਣਾ
ਮੋ.: 98141-20300

**ਸ੍ਰੀ ਮਿੱਤਰ ਸੈਨ ਮੀਤ**
ਲੁਧਿਆਣਾ
ਮੋ.: 98556-31777

**ਸੰਚਾਲਕ**

**ਸ੍ਰ ਦਵਿੰਦਰ ਸਿੰਘ ਸੇਖਾ**
ਮੋ.: 98140-70581

**ਪ੍ਰੋ ਇੰਦਰਪਾਲ ਸਿੰਘ**
ਮੋ.: 82838-11912

**ਸ੍ਰ ਸੁਖਇੰਦਰ ਪਾਲ ਸਿੰਘ**
ਮੋ.: +1 (780) 884 0788

**ਸ੍ਰ ਆਰ. ਪੀ. ਸਿੰਘ**
ਮੋ.: 97790 48083


ਸੇਵਾ ਵਿਖੇ

ਮੁੱਖ ਸਕੱਤਰ
ਪੰਜਾਬ ਸਰਕਾਰ,
ਚੰਡੀਗੜ੍ਹ।

*ਵਿਸ਼ਾ:* ਪੰਜਾਬ ਦੀਆਂ ਜ਼ਿਲ੍ਹਾ ਅਦਾਲਤਾਂ ਵਿਚ ਹੁੰਦਾ ਕੰਮ-ਕਾਜ ਪੰਜਾਬੀ ਵਿਚ ਵੀ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ, ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਤੋਂ, ਕਰੀਬ 2000 ਪੰਜਾਬੀ ਪੜ੍ਹੇ ਮੁਲਾਜ਼ਮ ਭਰਤੀ ਕਰਕੇ ਦੇਣ ਦੀ 13 ਸਾਲ ਤੋਂ ਚਲੀ ਆ ਰਹੀ ਮੰਗ ਨੂੰ ਤੁਰੰਤ ਪੂਰਾ ਕਰਨ ਦੀ ਬੇਨਤੀ।

ਸ੍ਰੀ ਮਾਨ ਜੀ,

ਪੰਜਾਬੀ ਵਿਕਾਸ ਮੰਚ(ਕਾਨੂੰਨੀ) ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਕਾਨੂੰਨ ਦੀਆਂ ਵਿਵਸਥਾਵਾਂ ਰਾਹੀਂ ਸਲਝਾਉਣ ਲਈ ਸਥਾਪਤ ਕੀਤੀ ਗਈ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਇਕ ਸ਼ਾਖਾ ਹੈ। ਮੈਂ ਇਸ ਸੰਸਥਾ ਦਾ ਕਾਨੂੰਨੀ ਸਲਾਹਕਾਰ ਹਾਂ।

ਮੰਚ ਵਲੋਂ ਆਪਜੀ ਨੂੰ ਹੇਠ ਲਿਖੀ ਬੇਨਤੀ ਕੀਤੀ ਜਾਂਦੀ ਹੈ:

1. ਆਪਣੀ ਮਾਤ ਭਾਸ਼ਾ ਵਿਚ ਇਨਸਾਫ਼ ਪ੍ਰਾਪਤ ਕਰਨਾ ਲੋਕਾਂ ਦਾ ਸੰਵਿਧਾਨਕ ਹੱਕ ਹੈ। ਪੰਜਾਬ ਸਰਕਾਰ ਵੱਲੋਂ ਮਈ 2008 ਵਿਚ 'ਪੰਜਾਬ ਰਾਜ ਭਾਸ਼ਾ ਐਕਟ 1967' ਵਿਚ ਸੋਧ ਕਰਕੇ ਲੋਕਾਂ ਨੂੰ ਇਹ ਹੱਕ ਉਪਲਭਧ ਕਰਵਾਇਆ ਗਿਆ। ਇਸ ਸੋਧ ਰਾਹੀਂ ਪੰਜਾਬ ਦੀਆਂ ਜ਼ਿਲ੍ਹਾ ਅਦਾਲਤਾਂ ਵਿਚ ਪੰਜਾਬੀ ਲਾਗੂ ਕਰਨ ਦੀ ਵਿਵਸਥਾ ਕੀਤੀ ਗਈ। ਇਹ ਵਿਵਸਥਾ 05 ਨਵੰਬਰ 2008 ਤੋਂ ਲਾਗੂ ਹੈ।

2. ਸਾਲ 2009 ਤੋਂ, ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਇਹ ਵਿਵਸਥਾ ਲਾਗੂ ਲਈ ਪੰਜਾਬ ਸਰਕਾਰ ਤੋਂ ਪੰਜਾਬੀ ਪੜ੍ਹੇ ਨੌਜਵਾਨ ਭਰਤੀ ਕਰਕੇ ਦੇਣ ਦੀ ਮੰਗ ਕਰਦੀ ਆ ਰਹੀ ਹੈ। ਹਾਈ ਕੋਰਟ ਵੱਲੋਂ ਹਰ ਅਦਾਲਤ ਲਈ ਤਿੰਨ ਮੁਲਾਜ਼ਮ ਮੰਗੇ ਜਾ ਰਹੇ ਹਨ। ਹਾਈ ਕੋਰਟ ਅਨੁਸਾਰ ਫਰਵਰੀ 2012 ਵਿਚ ਇਨ੍ਹਾਂ ਮੁਲਾਜਮਾਂ ਦੀ ਗਿਣਤੀ 1479 ਸੀ। ਪਿਛਲੇ 10 ਸਾਲਾਂ ਵਿਚ ਅਦਾਲਤਾਂ ਦੀ ਗਿਣਤੀ ਵੱਧ ਜਾਣ ਕਾਰਨ, ਹੁਣ ਲੋੜ ਕਰੀਬ 2000 ਮੁਲਾਜਮਾਂ ਦੀ ਹੈ।

3. ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਸਾਲ 2016 ਤੋਂ, ਪੰਜਾਬ ਸਰਕਾਰ ਨਾਲ ਲੋੜੀਂਦੇ ਮੁਲਾਜ਼ਮ ਭਰਤੀ ਕਰਕੇ ਦੇਣ ਲਈ ਚਿੱਠੀ ਪੱਤਰ ਕਰ ਰਿਹਾ ਹੈ (ਕੁਝ ਚਿੱਠੀਆਂ ਨੱਥੀ ਕੀਤੀਆਂ ਜਾਂਦੀਆਂ ਹਨ)। ਪਰ ਪੰਜਾਬ ਸਰਕਾਰ ਮਾਣਯੋਗ ਹਾਈ ਕੋਰਟ ਦੀ ਇਸ ਮੰਗ ਵੱਲ ਕੋਈ ਧਿਆਨ ਨਹੀਂ ਦੇ ਰਹੀ।

ਹਰੀ ਚੰਦ ਅਰੋੜਾ

4. ਮੇਰੇ ਅਤੇ ਐਡਵੋਕੇਟ ਮਿੱਤਰ ਸੈਨ ਗੋਇਲ ਵੱਲੋਂ ਮਈ 2016 ਵਿਚ ਇੱਕ ਜਨ^ਹਿਤ ਪਟੀਸ਼ਨ ਪੰਜਾਬ ਅਤੇ
CWP-6462
ਹਿਰਿਆਣਾ ਹਾਈ ਕੋਰਟ ਵਿਚ ਦਾਇਰ ਕੀਤੀ ਗਈ ਸੀ। ਇਸ ਪਟੀਸ਼ਨ ਦਾ ਨੰਬਰ ਸੀਮਡਬਲਿਯੂਮਪੀਮ 6462 ਆਫ
2016 ਹੈ। ਇਸ ਪਟੀਸ਼ਨ ਵਿਚ ਪੰਜਾਬ ਸਰਕਾਰ ਦੇ ਨਾਲ^ਨਾਲ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੀ
ਧਿਰਾਂ ਹਨ। ਜ਼ਿਕਰ ਯੋਗ ਹੈ ਕਿ ਮਾਣਯੋਗ ਹਾਈ ਕੋਰਟ ਵੱਲੋਂ ਆਪਣਾ ਜਵਾਬ ਦਾਅਵਾ ਮਾਰਚ 2018 ਵਿਚ ਹੀ ਦਾਇਰ
ਕਰ ਦਿੱਤਾ frnk ਸੀ। ਅਫ਼ਸੋਸ ਹੈ ਕਿ ਪੰਜਾਬ ਸਰਕਾਰ ਵੱਲੋਂ ਅੱਜ ਤੱਕ ਅਦਾਲਤ ਵਿਚ ਆਪਣਾ ਪੱਖ ਪੇਸ਼ ਨਹੀਂ ਕੀਤਾ
ਗਿਆ।

5. ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸੱਤਾ ਵਿਚ ਆਉਣ ਨਾਲ ਪੰਜਾਬ ਦੀ ਆਮ ਜਨਤਾ ਨੂੰ ਆਸ ਬੱਝੀ ਹੈ
ਕਿ ਹੁਣ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਤੇਜ਼ੀ ਨਾਲ ਹੋਵੇਗਾ ਅਤੇ ਉਸ ਨੂੰ ਇਨਸਾਫ਼ ਆਪਣੀ ਮਾਂ ਬੋਲੀ ਪੰਜਾਬੀ ਵਿਚ
ਜਰੂਰ ਮਿਲਣ ਲੱਗੇਗਾ।

6. ਇਸ ਪੱਤਰ ਰਾਹੀਂ ਆਪ ਜੀ ਦੇ ਇਹ ਵੀ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਜਿਲ੍ਹਾ ਅਦਾਲਤਾਂ ਵਿਚ
ਪੰਜਾਬੀ ਲਾਗੂ ਹੋਣ ਨਾਲ ਜਿਥੇ ਪੰਜਾਬੀ ਪੜ੍ਹੇ 2000 ਨੌਜਵਾਨਾਂ ਨੂੰ ਸਿਧਾ ਰੋਜ਼ਗਾਰ ਪ੍ਰਾਪਤ ਹੋਵੇਗਾ ਉਥੇ ਅਦਾਲਤਾਂ ਦੇ
ਬਾਹਰ ਕੰਮ ਕਰਦੇ ਕਰੀਬ ਇਕ ਲੱਖ ਪੰਜਾਬੀ ਪੜ੍ਹਿਆਂ ਨੂੰ ਵੀ ਅਸਿਧੇ ਤੌਰ ਤੇ ਰੁਜ਼ਗਾਰ ਮਿਲੇਗਾ। ਰੋਜ਼ਗਾਰ ਦੀ ਭਾਸ਼ਾ
ਬਨ ਨਾਲ ਪੰਜਾਬੀ ਦਾ ਬਣਦਾ ਮਾਣ ਸਤਿਕਾਰ ਵਧੇਗਾ। ਨਾਲ ਹੀ ਘੱਟ ਅੰਗਰੇਜ਼ੀ ਜਾਣਦੇ ਵਕੀਲਾਂ ਨੂੰ ਕਾਨੂੰਨੀ
ਕਾਰਵਾਈ ਆਪਣੀ ਮਾਤ ਭਾਸ਼ਾ ਵਿਚ ਕਰਨੀ ਸੌਖੀ ਹੋਵੇਗੀ। ਆਮਦਨ ਵਧਨ ਨਾਲ ਉਨ੍ਹਾਂ ਦਾ ਸਮਾਜ ਵਿਚ ਸਤਿਕਾਰ
ਵਧੇਗਾ।

ਇਸ ਲਈ ਬੇਨਤੀ ਹੈ ਕਿ ਲੋਕਾਂ ਨੂੰ ਆਪਣਾ ਸੰਵਿਧਾਨਕ ਹੱਕ ਜਲਦੀ ਉਪਲਭਧ ਕਰਾਉਣ ਲਈ ਆਪ ਖੁਦ

ਤੁਰੰਤ ਇਸ ਮਸਲੇ ਵੱਲ ਧਿਆਨ ਦੇਵੋ ਅਤੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਲੋੜੀਂਦੇ ਮੁਲਾਜ਼ਮ ਭਰਤੀ ਕਰਕੇ ਦੇਣ ਦੀ ਪ੍ਰਕ੍ਰਿਆ ਸ਼ੁਰੂ ਕਰਵਾਓ।

ਮਿਤੀ: 17 ਜੁਲਾਈ 2022

ਵਿਸ਼ਵਾਸ ਪਾਤਰ

ਹਰੀ ਚੰਦ ਅਰੋੜਾ

(ਵਕੀਲ ਹਰੀ ਚੰਦ ਅਰੋੜਾ)

ਕਾਨੂੰਨੀ ਸਲਾਹਕਾਰ

ਉਤਾਰਾ:

1. ਮਾਣਯੋਗ ਮੁੱਖ ਮੰਤਰੀ, ਪੰਜਾਬ। cmo@punjab.gov.in